International Journal of Research
Available at https://edupediapublicat ions.org/ journals
e-ISSN: 2348-6848
p-ISSN: 2348-795X
Volume 05 Issue 12
April 2018

# "ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਰਸ ਨਿਸ਼ਤੀ'ਇਕ ਅਧਿਐਨ"

*Gurpinder Singh*

*Asst. Prof. in Music, Khalsa College, Garhdiwala, Punjab, India*

**Abstract**

"ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥1॥"

ਭਾਵ ਮੈਨੂੰ ਕਈ ਚਸਕੇ ਹਨ, ਮੈਂ ਆਪਣੇ ਆਪ ਨੂੰ ਵਡਿਆਉਂਦਾ ਹਾਂ। ਹੇ ਮੇਰੇ ਕਰਤਾਰ! ਮੇਰੀਆਂ ਤਾਂ ਇਹ ਕਰਤੂਤਾਂ ਹਨ। ਗੁਰਬਾਣੀ ਵਿਚ ਸਾਫ ਦਿਸਦਾ ਹੈ ਕਿ ਸਰੀਰਕ ਰਸ ਭੌਤਿਕ ਨਾ ਰਹਿ ਕੇ ਸੂਖ਼ਮ ਅਤੇ ਅਧਿਆਤਮ ਅਰਥ ਦੇਣ ਵਾਲਾ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਸਾਰੀ ਬਾਣੀ ਵਿਚ ਪਰਮਾਤਮਾ ਨਾਲ ਹਰ ਰਿਸ਼ਤਾ ਸ਼ਰਧਾ ਅਤੇ ਪਰਮਾਤਮਾ ਨਾਲ ਆਪਣੇ ਮਨ ਦੇ ਭਾਵਾਂ ਨੂੰ ਸਾਂਝਿਆਂ ਕਰਨ ਦੇ ਲਈ ਗੁਰਬਾਣੀ ਰਸ ਨੂੰ ਨਿਸ਼ਤੀ ਦਾ ਆਧਾਰ ਬਣਾਇਆ ਹੈ ਕਿਉਂਕਿ ਪਰਮਾਤਮਾ ਨੂੰ ਗੁਰੂ ਜੀ ਨੇ ਸਥਾਈ ਮੰਨਿਆ ਹੈ ਅਤੇ ਪਰਮਾਤਮਾ ਨਾਲ ਸਥਾਈ ਭਾਵਾਂ ਦੀ ਹੀ ਗੱਲ ਕੀਤੀ ਹੈ।ਇਹ ਸਥਾਈ ਭਾਵ ਕੋਈ ਇਕ-ਅੱਧ ਕਾਵਿ ਤੁਕ ਰਾਹੀਂ ਮੂਰਤ ਨਹੀਂ ਹੋ ਸਕਦਾ।ਸਥਾਈ ਭਾਵ ਨਾਲ ਵਿਭਾਵ, ਅਨੁਭਾਵ ਅਤੁ ਵਿਭਚਾਰੀ ਭਾਵ ਵੀ ਸੰਮਿਲਤ ਹੁੰਦੇ ਹਨ ਜੋ ਕਾਵਿ ਰੂਪ ਅਤੇ ਸੰਗੀਤ ਦਾ ਮੂਲ ਆਧਾਰ ਬਣੇ ਹਨ।ਇਹਨਾਂ ਤੋਂ ਬਿਨਾਂ ਨਾਇਕ ਦਾ ਕੋਈ-ਨ-ਕੋਈ ਆਲੰਬਨ ਹੁੰਦਾ ਹੈ ਜੋ ਕਾਵਿ ਜਾਂ ਸੰਗੀਤ ਦਾ ਮੂਲ ਆਧਾਰ ਬਣਦਾ ਹੈ।ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਮੂਲ ਆਲੰਬਨ ਪਰਮਾਤਮਾ ਹੀ ਹੈ ਅਤੇ ਗੁਰੂ ਜੀ ਨੇ ਆਪਣੀ ਬਾਣੀ ਵਿਚ ਸਾਰੇ ਰਸਾਂ ਨੂੰ ਸੰਮਿਲਤ ਕੀਤਾ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਕਾਵਿ ਰਚਨਾ, ਸੰਗੀਤਕ ਰਸ ਜਾਂ ਸੰਸਕ੍ਰਿਤਿਕ ਰਸ ਸੰਪਰਦਾਵਾਂ ਨੂੰ ਮੁੱਖ ਰੱਖ ਕੇ ਨਹੀਂ ਰਚੀ।ਇਸ ਕਰਕੇ ਉਹਨਾਂ ਦੀ ਕਿਸੇ ਵੀ ਬਾਣੀ ਵਿਚ ਪੂਰੀ ਤਰ੍ਹਾਂ ਕਿਸੇ ਇਕ ਸਥਾਈ ਭਾਵ ਦੀ ਅਭਿਵਿਅਕਤੀ ਨਹੀਂ ਸਗੋਂ ਵਿਭਿੰਨ ਵਿਭਾਵਾਂ ਸਹਿਤ ਕਾਵਿ ਨੂੰ ਰਸਦਾਇਕ ਬਣਾਇਆ ਗਿਆ ਹੈ।ਆਮ ਕਰਕੇ ਇਕੋ ਸਥਾਈ ਭਾਵ ਦੀ ਪਾਲਣਾ ਲੰਮੀ ਕਵਿਤਾ ਜਾਂ ਮਹਾਂਕਾਵਿ ਵਿਚ ਹੀ ਭਲੀ-ਭਾਂਤ ਪੁੱਗ ਸਕਦੀ ਹੈ।ਪਰ ਗੁਰੂ ਨਾਨਕ ਦੇਵ ਜੀ ਅਜਿਹਾ ਨਿਯਮ ਵਰਤਦੇ ਹੋਏ ਕੋਈ ਮਹਾਂਕਾਵਿ ਨਹੀਂ ਸਿਰਜ ਰਹੇ ਸਨ।ਇਸ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਵੀ ਪਹੁੰਚ ਨਹੀਂ ਸਕਦੇ ਕਿ ਗੁਰੂ ਨਾਨਕ ਬਾਣੀ ਵਿਚ ਰਸ ਦਾ ਪ੍ਰਯੋਗ ਹੋਇਆ ਹੀ ਨਹੀਂ।ਹਾਂ ਇਕ ਗੱਲ ਹੈ ਕਿ ਰਸ ਪ੍ਰਯੋਗ ਸ਼ਰਤਾਂ ਵਾਲਾ ਨਹੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਰਸ ਨਿਸ਼ਤੀ ਸੰਬੰਧੀ ਹੇਠ ਲਿਖੇ ਅਨੁਸਾਰ ਚਰਚਾ ਕਰ ਰਿਹਾ ਹਾਂ।

ਗੁਰੂ ਨਾਨਕ ਦੇਵ ਜੀ ਨੇ ਕਾਵਿ ਰੂਪ ਰਾਹੀਂ ਜਿਹੜੇ ਮਨੁੱਖੀ ਰਸਾਂ ਵਿਚ ਬਾਣੀ ਰਚੀ ਜਿਵੇਂ- ਸ਼ਿੰਗਾਰ ਰਸ, ਅਦਭੁਤ ਰਸ, ਵੀਭਤਸ ਰਾਸ, ਭਿਆਨਕ ਰਸ, ਬੀਰ ਰਸ, ਰੋਦ੍ਰ ਰਸ, ਭਗਤੀ ਰਸ।ਇਸ ਅਧਿਐਨ ਲਈ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਹਵਾਲੇ ਲਏ ਗਏ ਹਨ।

**Key Words**

1. ਆਸਵਾਦਨ - ਰਸ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ
2. ਰਸ ਨਿਸ਼ਤੀ- ਕਿਸੇ ਕਲਾ ਰਾਹੀਂ ਨਿਚੋੜ ਦੀ ਪ੍ਰਾਪਤੀ
3. ਅਸਚਰਤਾ- ਹਰਾਨੀ ਜਨਕ ਜਾਂ ਹਰਾਨੀ
4. ਫਦੀਹਤਿ- ਅਰਬੀ, ਫਜੀਅਤਿ ਦੇ 'ਜ' ਨੂੰ 'ਦ' ਭੀ ਪੜ੍ਹਿਆ ਜਾਂਦਾ ਹੈ ਜਿਸ ਦਾ ਭਾਵ ਫਜੂਲ ਹੈ
5. ਭੜਾਸਾ- ਹਵਾੜ
6. ਸਗਾਹੀ- ਸੰਗਦੇ ਹੋਏ
7. ਆਲੰਬਨ- ਸੰਬਧ ਹੋਣਾ

**"**ਸਿਰੀ ਰਾਗ ਮਹਲਾ 1 ਘਰ ਦੂਜਾ 2॥

ਆਪੇ ਰਸੀਆ ਆਪਿ ਰਸ ਆਪੇ ਰਾਵਣਹਾਰ॥

ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥"[1]

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਅਤੇ ਸਹਿਤ ਕਲਾ ਦੀ ਡੂੰਗੀ ਸੋਚ ਅਨੁਸਾਰ ਮਨੁੱਖ ਨੂੰ ਅਧਿਆਤਮਿਕ ਰਸ ਦੇ ਅਨੰਦ ਤੋਂ ਜਾਣੂ ਕਰਵਾਉਂਦੇ ਹੋਏ ਕਿਹਾ ਹੈ ਕਿ ਪ੍ਰਭੂ ਆਪ ਹੀ ਰਸ-ਭਰਿਆ ਹੋਇਆ ਹੈ, ਆਪ ਹੀ (ਉਸ ਵਿੱਚ) ਰਸ ਹੈ, ਆਪ ਹੀ ਉਸ ਸਵਾਦ ਨੂੰ ਮਾਨਣ ਵਾਲਾ ਹੈ।

International Journal of Research
Available at https://edupediapublicat ions.org/ journals
e-ISSN: 2348-6848
p-ISSN: 2348-795X
Volume 05 Issue 12
April 2018

ਕਿਸੇ ਵੀ ਕਲਾ ਚਾਹੇ ਉਹ ਸੰਗੀਤ ਹੋਵੇ ਅਤੇ ਭਾਵੇਂ ਸਾਹਿਤ ਹੋਵੇ, ਰਸ ਅਤੇ ਭਾਵ ਉਸ ਕਲਾ ਦੇ ਟੀਚੇ ਹਨ।ਪਰ ਕਾਵਿ-ਰਸ ਵਿਚ ਆਸਵਾਦਨ ਪ੍ਰਕਿਰਿਆ ਪਦਾਰਥਕ ਰਸ ਵਾਲੀ ਨਹੀਂ ਹੁੰਦੀ।ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸਾਰੇ ਰਸਾਂ ਦਾ ਰੂਪ ਦਿਖਾਇਆ ਹੈ ਅਤੇ ਨਾਲ ਹੀ ਇਹ ਵੀ ਕਿਹਾ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਇਹ ਸਾਰੇ ਰਸ ਬੇਕਾਰ ਹਨ, ਸਰੀਰ ਨੂੰ ਖਰਾਬ ਕਰਨ ਵਾਲੇ ਹਨ।ਕਾਵਿ ਵਿਚ ਸੰਵੇਦਨਾਵਾਂ ਆਧਾਰਿਤ ਅਜਿਹੇ ਪਦਾਰਥਕ ਰਸ ਨਿੰਦਨੀ ਹੀ ਹਨ ਕਿਉਂ ਕਿ ਪਦਾਰਥਕ ਰਸ ਜਾਂ ਇੰਦਰੀਆਂ ਦੇ ਰਸ ਭਾਵ ਸਰੀਰਕ ਰਸ- ਨਾਮ ਬਿਨਾਂ ਮਨੁੱਖ ਨੂੰ ਜਾਲਦੇ ਹਨ:

"ਰਸ ਸੁਇਨਾ ਰਸੁ ਰੂਪਾ ਕਾਮਣਿ ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸ॥ "[2]

ਭਾਵ ਮਨੁੱਖ ਨੂੰ ਸੋਨਾ ਚਾਂਦੀ (ਇਕੱਠਾ ਕਰਨ) ਦਾ ਚਸਕਾ, ਇਸਤ੍ਰੀ (ਭਾਵ, ਕਾਮ) ਦਾ ਚਸਕਾ, ਸੁਗੰਧੀਆਂ ਦੀ ਲਗਨ, ਘੋੜਿਆਂ-ਮਾੜੀਆਂ ਦੀ ਲਾਲਸਾ, (ਸੁਆਦਲੇ) ਮਿੱਠੇ ਪਦਾਰਥ, ਤੇ ਮਾਸ (ਖਾਣ) ਦਾ ਚਸਕਾ ਆਦਿ ਜੇ ਮਨੱਖਾ ਸਰੀਰ ਨੂੰ ਇਤਨੇ ਚਸਕੇ ਲੱਗੇ ਹੋਏ ਹੋਂਣ ਤਾਂ ਪਰਮਾਤਮਾ ਦੇ ਨਾਮ ਦਾ ਟਿਕਾਣਾ ਕਿਸ ਹਿਰਦੇ ਵਿੱਚ ਹੋ ਸਕਦਾ ਹੈ? ਨਾਲ ਹੀ ਸਵਾਲ ਕਰਦੇ ਹਨ-

"ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥1॥ "[3]

ਭਾਵ ਮੈਨੂੰ ਕਈ ਚਸਕੇ ਹਨ, ਮੈਂ ਆਪਣੇ ਆਪ ਨੂੰ ਵਡਿਆਉਂਦਾ ਹਾਂ। ਹੇ ਮੇਰੇ ਕਰਤਾਰ! ਮੇਰੀਆਂ ਤਾਂ ਇਹ ਕਰਤੂਤਾਂ ਹਨ। ਗੁਰਬਾਣੀ ਵਿਚ ਸਾਫ ਦਿਸਦਾ ਹੈ ਕਿ ਸਰੀਰਕ ਰਸ ਭੌਤਿਕ ਨਾ ਰਹਿ ਕੇ ਸੂਖ਼ਮ ਅਤੇ ਅਧਿਆਤਮ ਅਰਥ ਦੇਣ ਵਾਲਾ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਸਾਰੀ ਬਾਣੀ ਵਿਚ ਪਰਮਾਤਮਾ ਨਾਲ ਹਰ

ਰਿਸ਼ਤਾ ਸ਼ਰਧਾ ਅਤੇ ਪਰਮਾਤਮਾ ਨਾਲ ਆਪਣੇ ਮਨ ਦੇ ਭਾਵਾਂ ਨੂੰ ਸਾਂਝਿਆਂ ਕਰਨ ਦੇ ਲਈ ਗੁਰਬਾਣੀ ਰਸ ਨੂੰ ਨਿਸ਼ਿਤੀ ਦਾ ਆਧਾਰ ਬਣਾਇਆ ਹੈ ਕਿਉਂਕਿ ਪਰਮਾਤਮਾ ਨੂੰ ਗੁਰੂ ਜੀ ਨੇ ਸਥਾਈ ਮੰਨਿਆ ਹੈ ਅਤੇ ਪਰਮਾਤਮਾ ਨਾਲ ਸਥਾਈ ਭਾਵਾਂ ਦੀ ਹੀ ਗੱਲ ਕੀਤੀ ਹੈ।ਇਹ ਸਥਾਈ ਭਾਵ ਕੋਈ ਇਕ-ਅੱਧ ਕਾਵਿ ਤੁਕ ਰਾਹੀਂ ਮੂਰਤ ਨਹੀਂ ਹੋ ਸਕਦਾ।ਸਥਾਈ ਭਾਵ ਨਾਲ ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵ ਵੀ ਸੰਮਿਲਤ ਹੁੰਦੇ ਹਨ ਜੋ ਕਾਵਿ ਰੂਪ ਅਤੇ ਸੰਗੀਤ ਦਾ ਮੂਲ ਆਧਾਰ ਬਣੇ ਹਨ।ਇਹਨਾਂ ਤੋਂ ਬਿਨਾਂ ਨਾਇਕ ਦਾ ਕੋਈ-ਨ-ਕੋਈ ਆਲੰਬਨ ਹੁੰਦਾ ਹੈ ਜੋ ਕਾਵਿ ਜਾਂ ਸੰਗੀਤ ਦਾ ਮੂਲ ਆਧਾਰ ਬਣਦਾ ਹੈ।ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਮੂਲ ਆਲੰਬਨ ਪਰਮਾਤਮਾ ਹੀ ਹੈ ਅਤੇ ਗੁਰੂ ਜੀ ਨੇ ਆਪਣੀ ਬਾਣੀ ਵਿਚ ਸਾਰੇ ਰਸਾਂ ਨੂੰ ਸੰਮਿਲਤ ਕੀਤਾ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਕਾਵਿ ਰਚਨਾ, ਸੰਗੀਤਕ ਰਸ ਜਾਂ ਸੰਸਕ੍ਰਿਤਿਕ ਰਸ ਸੰਪਰਦਾਵਾਂ ਨੂੰ ਮੁੱਖ ਰੱਖ ਕੇ ਨਹੀਂ ਰਚੀ।ਇਸ ਕਰਕੇ ਉਹਨਾਂ ਦੀ ਕਿਸੇ ਵੀ ਬਾਣੀ ਵਿਚ ਪੂਰੀ ਤਰ੍ਹਾਂ ਕਿਸੇ ਇਕ ਸਥਾਈ ਭਾਵ ਦੀ ਅਭਿਵਿਅਕਤੀ ਨਹੀਂ ਸਗੋਂ ਵਿਭਿੰਨ ਵਿਭਾਵਾਂ ਸਹਿਤ ਕਾਵਿ ਨੂੰ ਰਸਦਾਇਕ ਬਣਾਇਆ ਗਿਆ ਹੈ।ਆਮ ਕਰਕੇ ਇਕੋ ਸਥਾਈ ਭਾਵ ਦੀ ਪਾਲਣਾ ਲੰਮੀ ਕਵਿਤਾ ਜਾਂ ਮਹਾਂਕਾਵਿ ਵਿਚ ਹੀ ਭਲੀ-ਭਾਂਤ ਪੁੱਗ ਸਕਦੀ ਹੈ।ਪਰ ਗੁਰੂ ਨਾਨਕ ਦੇਵ ਜੀ ਅਜਿਹਾ ਨਿਯਮ ਵਰਤਦੇ ਹੋਏ ਕੋਈ ਮਹਾਂਕਾਵਿ ਨਹੀਂ ਸਿਰਜ ਰਹੇ ਸਨ।ਇਸ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਵੀ ਪਹੁੰਚ ਨਹੀਂ ਸਕਦੇ ਕਿ ਗੁਰੂ ਨਾਨਕ ਬਾਣੀ ਵਿਚ ਰਸ ਦਾ ਪ੍ਰਯੋਗ ਹੋਇਆ ਹੀ ਨਹੀਂ।ਹਾਂ ਇਕ ਗੱਲ ਹੈ ਕਿ ਰਸ ਪ੍ਰਯੋਗ ਸ਼ਰਤਾਂ ਵਾਲਾ ਨਹੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਰਸ ਨਿਸ਼ਿਤੀ ਸੰਬੰਧੀ ਹੇਠ ਲਿਖੇ ਅਨੁਸਾਰ ਚਰਚਾ ਕਰ ਰਿਹਾ ਹਾਂ।

ਗੁਰੂ ਨਾਨਕ ਦੇਵ ਜੀ ਨੇ ਕਾਵਿ ਰੂਪ ਰਾਹੀਂ ਜਿਹੜੇ ਮਨੁੱਖੀ ਰਸਾਂ ਵਿਚ ਬਾਣੀ ਰਚੀ ਜਿਵੇਂ- ਸ਼ਿੰਗਾਰ ਰਸ, ਅਦਭੁਤ ਰਸ, ਵੀਭਤਸ ਰਾਸ, ਭਿਆਨਕ ਰਸ, ਬੀਰ ਰਸ, ਰੋਦ੍ਰ ਰਸ, ਭਗਤੀ ਰਸ।

**ਸ਼ਿੰਗਾਰ ਰਸ**

ਸ਼ਿੰਗਾਰ ਰਸ ਸਾਕਾਰ ਪ੍ਰੇਮੀ-ਪ੍ਰੇਮਿਕਾ ਜਾਂ ਪਤੀ-ਪਤਨੀ ਦੇ ਵਿਚਕਾਰ ਵਿਗਸਦਾ ਹੈ।ਪ੍ਰੇਮਿਕਾ ਆਪਣੇ ਸਰੀਰਕ ਸ਼ਿੰਗਾਰ ਨਾਲ ਮਾਣਮੱਤੀ ਹੋਈ ਆਪਣੇ ਪ੍ਰੇਮੀ ਨਾਲ ਪਿਆਰ ਕਰਦੀ ਹੈ ਅਤੇ ਉਹ ਸਦਾ ਆਪਣੇ ਪ੍ਰੇਮੀ ਨਾਲ ਮਿਲਣ ਲਈ ਲੋਚਦੀ ਹੈ।ਗੁਰੂ ਨਾਨਕ ਦੇਵ ਜੀ ਨੇ ਆਪਣੀ ਆਤਮਾ ਨੂੰ ਇਸਤਰੀ (ਪ੍ਰੇਮਿਕਾ) ਮੰਨ ਕੇ ਪ੍ਰਭੂ ਨੂੰ ਪਤੀ (ਪ੍ਰੇਮੀ) ਮੰਨ ਕੇ ਸੰਯੋਗ-ਵਿਯੋਗ ਦੇ ਵਿਸ਼ੇ ਵਿਚ ਬਾਣੀ ਰਚੀ ਅਤੇ ਆਤਮਾ ਨੂੰ ਪ੍ਰਭੂ-ਪਤੀ ਦੇ ਚਰਨਾਂ ਨਾਲ ਜੁੜ ਕੇ ਰਹਿਣ ਲਈ ਕਿਹਾ ਗਿਆ ਹੈ।

"ਮਲਾਰ ਮਹਲਾ 1 ਅਸ਼ਟਪਦੀਆਂ ਘਰ 1
ਪਿਰ ਭਾਵੈ ਪ੍ਰੇਮ ਸਥਾਈ॥
ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ॥1॥ਰਹਾਉ॥

International Journal of Research
Available at https://edupediapublicat ions.org/ journals
e-ISSN: 2348-6848
p-ISSN: 2348-795X
Volume 05 Issue 12
April 2018

ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ॥

ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ॥2॥ "[4]

ਭਾਵ ਮੈਨੂੰ ਸਦਾ-ਸਹਾਈ ਪ੍ਰੀਤਮ-ਪ੍ਰਭੂ ਦਾ ਪ੍ਰੇਮ ਪਿਆਰਾ ਲੱਗਦਾ ਹੈ।ਮੇਰੇ ਅੰਦਰ ਉਸਦੇ ਮਿਲਾਪ ਦੀ ਇਤਨੀ ਤੀਬਰ ਤਾਂਘ ਹੈ ਕਿ ਮੈਂ ਜਗਤ ਵਿਚ ਉਸ ਤੋਂ ਬਿਨਾ ਇਕ ਘੜੀ ਵੀ ਜੀਊ ਨਹੀਂ ਸਕਦੀ। ਕਮਲ ਦਾ ਫੁੱਲ ਸਰੋਵਰ ਵਿਚ ਹੁੰਦਾ ਹੈ, ਸੂਰਜ ਦੀ ਕਿਰਨ ਅਕਾਸ਼ ਵਿਚ ਹੁੰਦੀ ਹੈ, ਫਿਰ ਵੀ ਉਸ ਕਿਰਨ ਨੂੰ ਤੱਕ ਕੇ ਕਮਲ ਫੁੱਲ ਸੁਤੇ ਹੀ ਖਿੜ ਪੈਂਦਾ ਹੈ। ਪ੍ਰੇਮੀ ਦੇ ਹਿਰਦੇ ਵਿਚ ਆਪਣੇ ਪ੍ਰੀਤਮ ਦੀ ਅਜੇਹੀ ਪ੍ਰੀਤ ਬਣਦੀ ਹੈ ਕਿ ਉਸ ਦੀ ਆਤਮਾ ਪ੍ਰੀਤਮ ਦੀ ਆਤਮਾ ਵਿਚ ਮਿਲ ਜਾਂਦੀ ਹੈ।ਇਸ ਪ੍ਰੀਤ ਨੂੰ ਸ਼ਿੰਗਾਰ ਰਸ ਵਿਚ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ-

" ਹਰਿ ਕੀ ਪ੍ਰੀਤਿ ਤਿਨ ਊਪਜੀ ਹਰਿ ਪ੍ਰੇਮ ਕਸਾਏ"

ਹਰਿ ਰੰਗ ਰਹਹਿ ਸਦਾ ਰੰਗਿ ਰਾਤੇ ਰਸਨਾ ਹਰਿ ਰਸੁ ਪਿਆਏ॥ "[5]

**ਅਦਭੁਤ ਰਸ**

ਅਦਭੁਤ ਰਸ ਦਾ ਸਥਾਈ ਭਾਵ ਹੈਰਾਨੀ ਜਾਂ ਅਸਚਰਤਾ(ਹਰਾਨੀਜਨਕ) ਦਾ ਹੈ।ਮਨੁੱਖ ਵਿਚ ਇਹ ਅਸਚਰਤਾ ਉਸ ਸਮੇਂ ਵਿਦਮਾਨ ਹੁੰਦੀ ਹੈ ਜਦੋਂ ਮਨੁੱਖ ਸਭ ਤਾਰਕਿਕ ਪੱਧਰਾਂ ਦੀਆਂ ਸੰਭਾਵਨਾਵਾਂ ਤੋਂ ਅੱਗੇ ਇਕ ਅਸਚਰਜਮਈ ਜਾਂ ਰਹੱਸਮਈ ਅਨੁਭਵ ਵਿਚ ਵਿਚਰਦਾ ਹੈ।ਮਨੁੱਖ ਅਸਲ ਵਿਚ ਆਪਣੇ ਅਤੇ ਪ੍ਰਾਕਿਰਤੀ ਬਾਰੇ ਗਿਆਨ ਪ੍ਰਾਪਤ ਕਰਨ ਤੋਂ ਅਸਮਰਥ ਹੈ।ਇਸ ਕਰਕੇ ਉਸ ਦੇ ਮਨ ਵਿਚ ਆਪਣੇ ਅਤੇ ਪ੍ਰਾਕਿਰਤੀ ਸੰਬੰਧੀ ਕੁਝ ਅਸਚਰਜ ਪੈਦਾ ਹੁੰਦੇ ਹਨ।ਪ੍ਰਾਕਿਰਤੀ ਸੰਬੰਧੀ ਅਜਿਹੀ ਵਿਗਿਆਨਿਕ ਖੋਜ ਨੇ ਮਨੁੱਖ ਨੂੰ ਹੈਰਾਨ ਤੇ ਅਸਚਰਜ ਕਰ ਦਿੱਤਾ ਹੈ।ਗੁਰੂ ਨਾਨਕ ਦੇਵ ਜੀ ਜਦੋਂ ਆਪਣੀ ਬਾਣੀ ਵਿਚ ਅਦਭੁਤ ਰਸ ਦੀ ਨਿਸ਼ਿਤੀ ਕਰਦੇ ਹਨ ਤਾਂ ਉਹ ਇਸ ਦੇ ਅਸਚਰਜਮਈ ਸਥਾਈ ਭਾਵ ਨੂੰ ਏਵੇਂ ਸੀਮਿਤ ਨਹੀਂ ਰੱਖਦੇ ਸਗੋਂ ਵਿਸ਼ਾਲਤਰ ਅਰਥਾਂ ਵਿਚ ਦਾਰਸ਼ਨਿਕ ਅਤੇ ਅਧਿਆਤਮਿਕ ਪੱਖ ਤੋਂ ਪ੍ਰਾਕਿਰਤੀ ਸੰਬੰਧੀ ਅਜਿਹਾ ਹੀ ਅਸਚਰਜਮਈ ਅਤੇ ਵਿਸਮਾਦਜਨਕ ਅਨੁਭਵੀ ਗਿਆਨ ਦਿੰਦੇ ਹਨ।ਮਨੁੱਖ ਦਾ ਪ੍ਰਾਕਿਰਤੀ ਆਦਿ ਬਾਰੇ ਗਿਆਨ ਅਤਾਰਕਿਕ ਅਤੇ ਰਹੱਸਮਈ ਹੈ।ਜੋ ਕੇਵਲ ਵਿਸਮਾਦ ਦੀ ਅਵਸਥਾ ਨੂੰ ਹੀ ਵਿਦਿਆਮਾਨ ਕਰਦਾ ਹੈ।ਪ੍ਰਾਕਿਰਤੀ ਦਾ ਹਰ ਵਸਤ ਪੌਣ, ਪਾਣੀ, ਬਸੰਤਰ, ਧਰਤੀ, ਪਦਾਰਥ ਅਤੇ ਜੀਅ, ਨਾਦ ਆਦਿ ਸਭ ਕੁਝ ਬਾਰੇ ਸੰਪੂਰਨ ਸਹਿਤ ਜਾਣ ਲੈਣਾ ਤਰਕ ਤੋਂ ਪਾਰ ਦੀ ਅਵਸਥਾ ਹੈ ਜੋ ਅਸਚਰਜਮਈ ਅਤੇ ਵਿਸਮਾਦ ਉਪਜਾਂਦੀ ਹੈ।

"ਸਲੋਕ ਮ:1॥ ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥

ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥

ਵਿਸਮਾਦੁ ਪਉਣ ਵਿਸਮਾਦੁ ਪਾਣੀ॥ਵਿਸਮਾਦੁ ਅਗਨੀ ਖੇਡਹਿ ਵਿਡਾਣੀ॥ "[6]

ਭਾਵ- ਬੇਅੰਤ ਜੀਵ ਤੇ ਜੀਵਾਂ ਦੇ ਕਈ ਭੇਦ, ਜੀਵਾਂ ਦੇ ਤੇ ਹੋਰ ਪਦਾਰਥਾਂ ਦੇ ਕਈ ਰੂਪ ਤੇ ਰੰਗ, ਕਈ ਜੰਤ(ਸਦਾ) ਨੰਗੇ ਹੀ ਫਿਰ ਰਹੇ ਹਨ, ਇਹ ਸਭ ਕੁਝ ਵੇਖ ਕੇ ਵਿਸਮਾਦ ਅਵਸਥਾ ਬਣ ਰਹੀ ਹੈ।ਕਿਤੇ ਪਉਣ ਹੈ ਅਤੇ ਕਿਤੇ ਪਾਣੀ ਹੈ।ਅਗਨੀਆਂ ਜੋ ਅਚਰਜ ਖੇਡਾਂ ਖੇਡਦੀਆਂ ਹਨ।

**ਵੀਭਤਸ ਰਸ**

ਵੀਭਤਸ ਰਸ ਦਾ ਆਸਵਾਦਨ ਅਸੀਂ ਘਿਰਣਾਮਈ ਦ੍ਰਿਸ਼ ਤੋਂ ਉਪਜਦੇ ਭਾਵਾਂ ਦੁਆਰਾ ਕਰ ਸਕਦੇ ਹਾਂ।ਜਿਵੇਂ- ਰਾਗ ਮਾਝ, ਵਾਰ ਦੇ ਸਲੋਕ ਵਿਚ ਆਏ ਸ਼ਬਦ ਜੂਠ, ਮੈਲ ਆਦਿ ਵੀਭਤਸ ਦੇ ਭਾਵ ਹਨ ਅਤ ਸਿਰ ਖੋਹਾਈ, ਜੂਠ ਖਾਣਾ ਆਦਿ ਇਸ ਰਸ ਦੇ ਅਨੁਭਾਵ ਹਨ।ਮੰਗ-ਮੰਗ ਖਾਣ ਦੀ ਲਾਲਸਾ ਸਥਾਈ ਭਾਵ ਨੂੰ ਉਤਪੰਨ ਕਰਦੀ ਹੈ।ਘਿਰਣਾ ਭਾਵ ਵਾਸਤਵ ਵਿਚ ਮੰਦੇ ਕਰਮਾਂ, ਮੰਦਾ ਬੋਲਣਾ ਅਤੇ ਮੰਦਾ ਸੋਚਣ ਤੋਂ ਹਟਾਉਣ ਲਈ ਉਦੈਮਾਨ ਕੀਤਾ ਜਾਂਦਾ ਹੈ ਤਾਂ ਜੋ ਮਨੁੱਖ ਸਤਿਅਮ, ਸ਼ਿਵਮ, ਸੁੰਦਰਮ ਦੇ ਗੁਣ ਗ੍ਰਹਿਣ ਕਰ ਸਕੇ।ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਜਦ ਵੀ ਵੀਭਤਸ ਰਸ ਦੀ ਨਿਸ਼ਿਤੀ ਹੋਈ ਹੈ ਤਾਂ ਉਹ ਮਾਇਆ ਗ੍ਰਸਤ ਮਨੁੱਖ ਨੂੰ ਇਸ ਰਸ ਦੁਆਰਾ ਭੈ-ਭੀਤ ਕਰਕੇ ਸਹਿਜ ਸੁਭਾਵਕ ਹੀ ਆਤਮਿਕ ਚੇਤਨਾ ਵੱਲ ਪ੍ਰੇਰ ਦਿੰਦੇ ਹਨ।ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪ੍ਰਗਟ ਵੀਭਤਸ ਰਸ ਅਜਿਹੀ ਹੀ ਪੱਧਰ ਨੂੰ ਛੋਂਹਦਾ ਹੈ।

"ਸਲੋਕ ਮਹਲਾ 1 ॥ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥

ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖ ਸੁਗਾਹੀ॥

ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਤਿ ਹਥ ਸੁਆਹੀ॥

ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥ "[7]

ਭਾਵ- ਉਹ ਜੀਵ ਜੋ ਹਿੰਸਾ ਦੇ ਵਹਿਮ ਵਿਚ ਸਿਰ ਦੇ ਵਾਲ ਪੁਟਾ ਕੇ (ਕਿਤੇ ਜੂਆਂ ਨਾ ਪੈ ਜਾਣ) ਮੈਲਾ ਪਾਣੀ ਪੀਂਦੇ ਹਨ ਤੇ ਜੂਠੀ ਰੋਟੀ ਮੰਗ-ਮੰਗ ਕੇ ਖਾਂਦੇ ਹਨ, ਫਦੀਹਤਿ= ਅਰਬੀ, ਫਜੀਅਤਿ ਦੇ 'ਜ' ਨੂੰ 'ਦ' ਭੀ ਪੜ੍ਹਿਆ ਜਾਂਦਾ ਹੈ, ਭਾਵ ਫਜੂਲ। ਭੜਾਸਾ= ਹਵਾੜ। ਸਗਾਹੀ= ਸੰਗਦੇ ਹਨ ।'(ਆਪਣੇ) ਪਖਾਨੇ ਨੂੰ ਫੋਲਕੇ ਮੂੰਹ ਵਿਚ (ਗੰਦੀ) ਹਵਾੜ ਲੈਂਦੇ ਹਨ ਤੇ ਪਾਣੀ ਵੇਖ ਕੇ (ਇਸ ਤੋਂ) ਸੰਗਦੇ ਹਨ (ਭਾਵ ਪਾਣੀ ਨਹੀ ਵਰਤਦੇ)। ਭੇਡਾਂ ਵਾਂਗ ਸਿਰ (ਦੇ ਵਾਲ) ਪੁਟਾਉਂਦੇ ਹਨ ਅਤੇ ਵਾਲ ਪੁੱਟਣ ਵਾਲਿਆਂ ਦੇ ਹੱਥ ਸੁਆਹ ਨਾਲ ਭਰੇ ਜਾਂਦੇ ਹਨ।ਮਾਪਿਆਂ ਵਾਲਾ ਕੀਤਾ ਕੰਮ (ਭਾਵ ਹੱਥੀਂ ਕਮਾਈ ਕਰ ਕੇ ਟੱਬਰ ਪਾਲਣ ਦਾ ਕੰਮ) ਛੱਡ ਬੈਠਦੇ ਹਨ ਫਿਰ ਇਹਨਾਂ ਦੇ ਟੱਬਰ ਢਾਹਾਂ ਮਾਰ-ਮਾਰ ਰੋਂਦੇ ਹਨ।

ਗੁਰੂ ਨਾਨਕ ਦੇਵ ਜੀ ਘ੍ਰਿਣਾ ਭਾਵ ਨੂੰ ਪ੍ਰਗਟ ਕਰਨ ਲਈ 'ਸਿਰ ਖੋਹਾਇ', 'ਪੀਅਹਿ ਮਲਵਾਣੀ', 'ਜੂਠਾ ਮੰਗਿ ਮੰਗਿ ਖਾਹੀ', 'ਫੋਲਿ ਫਦੀਹਤਿ', 'ਮੁਹਿ ਲੈਨਿ ਭੜਾਸਾ', ਆਦਿ ਯੋਗ ਸ਼ਬਦ ਚੋਣ ਰਾਹੀਂ ਭਾਵ ਨੂੰ ਉਦੀਪਤ ਕਰਦੇ ਹਨ, ਅਤੇ ਵੀਭਤਸ ਰਸ ਦੀ ਅਨੁਭੂਤੀ ਕਰਵਾਉਂਦੇ ਹਨ।

### ਭਿਆਨਕ ਰਸ

ਭਿਆਨਕ ਰਸ ਮਨੁੱਖ ਦੇ ਭੈਅ ਦੇ ਅਹਿਸਾਸ ਨੂੰ ਜਗਾਉਂਦਾ ਹੈ ਅਤੇ ਇਸੇ ਕਰਕੇ ਹੀ ਇਸ ਰਸ ਦਾ ਸਥਾਈ ਭਾਵ ਹੀ ਹੈ।ਸਾਧਾਰਨ ਪੱਖ ਤੋਂ ਮਨੁੱਖ ਵਿਚ ਭੈਅ ਦਾ ਅਹਿਸਾਸ ਆਪਣੇ ਦੁਸ਼ਮਣ, ਬਾਦਸ਼ਾਹ ਅਤੇ ਜਾਂ ਪ੍ਰਾਕਿਰਤੀ ਨਾਲ ਸੰਬੰਧਿਤ ਭੂਚਾਲਾਂ ਆਦਿ ਕਰਕੇ ਉਦੈਮਾਨ ਹੁੰਦਾ ਹੈ।ਪਰ ਗੁਰੂ ਨਾਨਕ ਦੇਵ ਦਾ ਭੈਅ-ਭਾਵ ਅਜਿਹੇ ਲੌਕਿਕ ਜਗਤ ਨਾਲ ਸੰਬੰਧਿਤ ਨਹੀਂ ਹੈ।ਗੁਰੂ ਨਾਨਕ ਦੇਵ ਜੀ ਨਾ ਕਿਸੇ ਦੁਸ਼ਮਣ ਜਾਂ ਬਾਦਸ਼ਾਹ ਤੋਂ ਭੈਅ-ਭੀਤ ਹੁੰਦੇ ਹਨ ਅਤੇ ਨਾ ਹੀ ਪ੍ਰਾਕਿਰਤੀ ਦੇ ਕਿਸੇ ਗੁਣਾਤਮਕ (ਭੂਚਾਲ ਆਦਿ) ਪਰਿਵਰਤਨ ਤੋਂ ਡਰਦੇ ਹਨ।ਵਾਸਤਵ ਵਿਚ ਗੁਰੂ ਨਾਨਕ ਦੇਵ ਭੈਅ ਦੇ ਅਹਿਸਾਸ ਨੂੰ ਮਾਧਿਅਮ ਬਣਾ ਕੇ ਮਨੁੱਖ ਦੇ ਆਤਮ ਨੂੰ ਚੇਤਨ ਕਰ ਰਹੇ ਹਨ ਜਾਂ ਮਨੁੱਖ ਨੂੰ ਆਤਮ ਚੀਨਣ ਨੂੰ ਪ੍ਰੇਰ ਰਹੇ ਹਨ।

"ਸਲੋਕ ਮਹਲਾ 1 ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥ "[8]

### ਬੀਰ ਰਸ

ਬੀਰ ਰਸ ਯੁੱਧਾਂ ਜਾਂ ਲੜਾਈਆਂ ਨਾਲ ਸੰਬੰਧਿਤ ਕਾਵਿ ਜਾਂ ਸੰਗੀਤਕ ਰਸ ਹੈ।ਕਵੀ ਯੋਧੇ ਯੁੱਧ ਵਿਚ ਉਤਸ਼ਾਹ ਵਧਾਉਣ ਲਈ ਬੀਰ ਰਸ ਦੀ ਨਿਸ਼ਿਤੀ ਕਰਦੇ ਹਨ।ਬੀਰਤਾ ਦੇ ਰਸ ਨੂੰ ਉਤਸ਼ਾਹਿਤ ਕਰਨਾ ਇਸ ਰਸ ਦਾ ਸਥਾਈ ਭਾਵ ਹੈ।ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਤਿਹਾਸਿਕ ਯੁੱਧ ਤੇ ਯੁੱਧਾਂ ਦੇ ਹਥਿਆਰਾਂ ਦਾ ਵਰਨਣ ਅਪ੍ਰਾਪਤ ਹੀ ਹੈ।ਇਸ ਬੀਰ ਭਾਵ ਨੂੰ ਸਧਾਰਨ ਅਰਥਾਂ ਵਿਚ ਪ੍ਰਯੁਕਤ ਨਹੀਂ ਕਰਦੇ ਸਗੋਂ ਮਨੋਵਿਗਿਆਨਿਕ ਤੇ ਭੌਤਿਕ ਖੇਤਰਾਂ ਵਿਚ ਹੀ ਇਸ ਰਸ ਦੀ ਨਿਸ਼ਿਤੀ ਕਰਦੇ ਹਨ।ਗੁਰੂ ਨਾਨਕ ਬਾਣੀ ਵਿਚ ਪਰਾਭੌਤਿਕ ਯੁੱਧ ਬੋਧ ਅਤੇ ਅਬੋਧ, ਸਤਿ ਅਤੇ ਅਸਤਿ, ਗੁਰਮਤਿ ਅਤੇ ਦੁਰਮਤ, ਸਹਿਜ ਅਤੇ ਹੰਕਾਰ ਵਿਚਕਾਰ ਹੁੰਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਪ੍ਰਤੀ ਸ਼ਰਧਾ ਭਾਵ ਨੂੰ ਵਧਾਉਣ ਲਈ ਮਨੁੱਖੀ ਆਤਮਾ ਨੂੰ ਪ੍ਰੇਰਿਤ ਕੀਤਾ ਹੈ।

"ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ "[9]

### ਰੋਦਰ ਰਸ

ਰੋਦਰ ਰਸ ਦਾ ਸਥਾਈ ਭਾਵ ਕ੍ਰੋਧ ਹੈ।ਪਰ ਜਦ ਕ੍ਰੋਧ ਦਾ ਭਾਵ ਕਾਵਿ ਰਸ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ ਤਾਂ ਇਸ ਕ੍ਰੋਧ ਦਾ ਸੁਭਾਵ ਵਿਅਕਤੀਗਤ ਨਾ ਹੋ ਕੇ ਸਧਾਰਨੀਕਰਨ ਦੀ ਵਿਧੀ ਦੁਆਰਾ ਸਮੂਹਿਕ ਹੋ ਜਾਂਦਾ ਹੈ।ਗੁਰੂ ਨਾਨਕ ਬਾਣੀ ਵਿਚ ਅਭਿਵਿਅਕਤ ਇਹ ਭਾਵ ਪ੍ਰਗਟ ਤਾਂ ਹੈ ਪਰ ਜਿਸ ਪ੍ਰਕਾਰ ਲੌਕਿਕ ਕਾਵਿ-ਰਸ ਵਿਚ ਇਸ ਭਾਵ ਦਾ ਸਧਾਰਨੀਕਰਣ ਹੁੰਦਾ ਹੈ, ਉਸ ਪ੍ਰਕਾਰ ਗੁਰੂ ਨਾਨਕ ਬਾਣੀ ਵਿਚ ਪ੍ਰਗਟ ਨਹੀਂ ਹੁੰਦਾ।ਮਨੁੱਖ ਨੂੰ ਮਨੁੱਖ ਉੱਤੇ ਸੰਸਾਰਕ ਕਾਰਜਾਂ ਸੰਬੰਧੀ ਕਈ ਗੁੱਸੇ, ਗਿਲੇ ਤੇ ਕ੍ਰੋਧ ਭਾਵਨਾ ਆ ਸਕਦੀ ਹੈ।ਪਰ ਗੁਰੂ ਨਾਨਕ ਦੇਵ ਦੇ ਰੋਦਰ ਰਸ ਦੇ ਆਲੰਬਨ ਅਜਿਹੇ ਵਿਅਕਤੀ ਨਹੀਂ, ਸਗੋਂ ਉਹ ਹਨ ਜੋ ਮਾਇਆ, ਲੋਭ, ਮੋਹ, ਹੰਕਾਰ, ਕਾਮਨਾਵਾਂ ਆਦਿ ਗ੍ਰਸਤ ਹੋ ਕੇ ਬ੍ਰਹਮ ਤੋਂ ਟੁੱਟੇ ਹੋਏ ਹਨ।ਜਿਵੇਂ-

"ਪਾਪ ਕੀ ਜੰਞ ਲੈ ਕਾਬਲਹੁ ਧਾਇਆ॥ ਜੋਰੀ ਮੰਗੈ ਦਾਨੁ ਵੇ ਲਾਲੋ॥ "[10]

ਗੁਰੂ ਨਾਨਕ ਦੇਵ ਸਪੱਸ਼ਟ ਰੂਪ ਵਿਚ ਅਜਿਹੇ ਬ੍ਰਹਮ ਤੋਂ ਵਿਮੁਖ ਲੋਕ ਸੰਬੰਧੀ ਗਿਲੇ ਦਾ ਭਾਵ ਰੱਖਦੇ ਹਨ ਅਤੇ ਇਸ ਰੋਗ ਦਾ ਭਾਗ ਉਹ ਪਰਮਾਤਮਾ ਨੂੰ ਹੀ ਬਣਾ ਰਹੇ ਹਨ।

"ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦੁ ਨ ਆਇਆ॥

ਕਰਤਾ ਤੂੰ ਸਭਨਾ ਕਾ ਸੋਈ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥"[11]

ਗੁਰੂ ਨਾਨਕ ਦੇਵ ਇਉਂ ਰੋਦਰ ਰਸ ਦੀ ਨਿਸ਼ਿਤੀ ਕਰਨ ਲਈ ਕ੍ਰੋਧ ਭਾਵਨਾ ਨੂੰ ਪ੍ਰਗਟ ਕਰਦੇ ਹਨ।ਪਰਮਾਤਮਾ ਤੋਂ ਵਿਮੁਖ ਸਭ ਵਿਅਕਤੀ ਇਸ ਭਾਵ ਦਾ ਆਲੰਬਨ ਬਣ ਰਹੇ ਹਨ।'ਪਾਪ ਕੀ ਜੰਞ' ਆਦਿ ਭਾਵ ਨੂੰ ਹੋਰ ਵੀ ਉਦੀਪਤ ਕਰਦੇ ਹਨ।ਲੁੱਟਮਾਰ ਤੇ ਉਹਨਾਂ ਦੀ ਦਸ਼ਾ ਦਾ ਵਰਨਣ ਸਹਿਜ ਸੁਭਾਵਕ ਹੀ ਇਸ ਭਾਵ ਦਾ ਰਸ ਆਸਵਾਦਨ ਦੇ ਜਾਂਦਾ ਹੈ।ਗੁਰੂ ਨਾਨਕ ਦੇਵ ਜਦ ਪਰਮਾਤਮਾ ਉੱਤੇ ਵੀ ਰੋਸ ਪ੍ਰਗਟ ਕਰਦੇ ਹਨ ਤਾਂ ਮਨੋਵਿਗਿਆਨਕ ਪੱਖ ਤੋਂ ਇਹ ਭਾਵ ਹੋਰ ਵੀ ਗੰਭੀਰ ਹੋ ਕੇ ਤੀਖਣਤਾ ਵੱਲ ਵਧਦਾ ਹੈ।ਗੁਰੂ ਨਾਨਕ ਦੇਵ ਇਸ ਪ੍ਰਕਾਰ ਕਲਾਤਮਿਕ ਵਿਧੀ ਨਾਲ ਸੰਪੂਰਨਤਾ ਸਹਿਤ ਆਪਣੇ ਭਾਵ ਦੀ ਰਸ-ਨਿਸ਼ਿਤੀ ਕਰ ਜਾਂਦੇ ਹਨ ।

### ਭਗਤੀ ਰਸ

ਗੁਰੂ ਨਾਨਕ ਦੇਵ ਜੀ ਦੀ ਬਾਣੀ ਭਗਤੀ ਰਸ ਪ੍ਰਧਾਨ ਹੈ।ਕਈ ਵਿਦਵਾਨ ਭਗਤੀ ਰਸ ਨੂੰ ਸ਼ਾਂਤ ਰਸ ਵੀ ਮੰਨਦੇ ਹਨ।ਭਗਤੀ ਰਸ ਨੂੰ ਮਧੁਰ ਰਸ ਵੀ ਆਖਿਆ ਗਿਆ ਹੇ।ਦਸ਼ਪੂਰਵਕ ਵਿਚ ਭਗਤੀ ਨੂੰ ਭਾਵ ਕਿਹਾ ਗਿਆ ਹੈ।ਜਿਸ ਪ੍ਰਕਾਰ ਸ਼ਾਂਤ ਰਸ ਦਾ ਸੰਬੰਧ ਪੁਰਸ਼ਾਰਥ ਅਤੇ ਮੋਕਸ਼ ਨਾਲ ਹੈ, ਇਸੇ ਪ੍ਰਕਾਰ ਹੋਰ ਕਈ ਵਿਧੀਆਂ ਮੋਕਸ਼ ਦੀ ਪ੍ਰਾਪਤੀ ਲਈ ਮਾਧਿਅਮ ਬਣਦੀਆਂ ਹਨ।ਭਾਰਤੀ ਪਰੰਪਰਾ ਵਿਚ ਮੋਕਸ਼ ਦੀ ਪ੍ਰਾਪਤੀ ਲਈ ਤਿੰਨ ਪ੍ਰਣਾਲੀਆਂ ਗਿਆਨ, ਕਰਮ ਅਤੇ ਭਗਤੀ ਦਾ ਵਰਨਣ ਹੈ।ਭਗਤੀ ਰਸ ਦਾ ਕੇਵਲ ਭਗਤ ਲੋਕ ਅਧਿਆਤਮਕ ਪ੍ਰੇਮ ਅਤੇ ਸ਼ਰਧਾ ਨਾਲ ਆਸਵਾਦਨ ਕਰਦੇ ਹਨ।ਭਗਤੀ ਦੀਆਂ ਅੱਗੋਂ ਪੰਜ ਅਵਸਥਾਵਾਂ ਹਨ।ਜਿਵੇਂ- ਮਧੁਰ, ਸ਼ਾਂਤ, ਸਖਾ, ਵਾਤਸਲਯ ਮੰਨਿਆ ਗਿਆ ਹੈ।ਪਰ ਜਿਥੇ ਸ਼ਾਂਤ ਰਸ ਗਿਆਨ ਆਧਾਰਿਤ ਰਸ ਹੈ ਉਥੇ ਭਗਤੀ ਰਸ ਪ੍ਰੇਮ ਆਧਾਰਿਤ ਰਸ ਪ੍ਰਕਿਰਿਆ ਹੈ।ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸ਼ਾਤ ਅਤੇ ਭਗਤੀ ਰਸ ਦੋਵੇਂ ਪ੍ਰਧਾਨ ਰੂਪ ਵਿਚ ਵਿਦਮਾਨ ਹਨ।ਬਾਕੀ ਰਸ ਜਿਵੇਂ ਹਾਸ, ਅਦਭੁਤ, ਬੀਰ, ਕਰੁਣਾ, ਵੀਭਤਸ, ਭਿਆਨਕ, ਰੋਦ੍ਰ ਆਦਿ ਰਸ ਪ੍ਰਧਾਨ ਰੂਪ ਵਿਚ ਅਭਿਵਿਅਕਤ ਨਾ ਹੋਣ ਕਰਕੇ ਗੌਣ ਰੂਪ ਵਿਚ ਆਉਂਦੇ ਹਨ।ਇਸ ਰਸ ਅਧੀਨ ਗੁਰੂ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਨੂੰ ਸਮਰਪਿਤ ਹੋ ਕੇ ਸ਼ਰਧਾ ਭਾਵਨਾ ਤੋਂ ਮਨ ਨੂੰ ਪ੍ਰੇਰਿਆ ਹੈ ਅਤੇ ਗੁਰੂ ਦੇ ਚਰਨਾਂ ਵਿਚ ਲੱਗਣ ਲਈ ਕਿਹਾ ਹੈ।

"ਮਨ ਰੇ ਰਾਮ ਨਾਮ ਜਸੁ ਲੇਇ॥

ਬਿਨੁ ਗੁਰ ਇਹੁ ਰਸੁ ਕਿਉ ਲਹਿਉ ਗੁਰੁ ਮੇਲੈ ਹਰਿ ਦੇਇ॥ਰਹਾਉ॥"[12]

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਭਗਤੀ ਰਸ ਭਾਰਤੀ ਭਗਤੀ ਧਾਰਾ ਦੀ ਪਰੰਪਰਾ ਦੇ ਕਾਰਨ ਪ੍ਰਧਾਨ ਰੂਪ ਵਿਚ ਉਪਲਬਧ ਹੈ। ਉਪਰੋਕਤ ਰਸਾਂ ਤੇ ਵਿਚਾਰ ਕਰਨ ਤੇ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਹਰ ਭਾਵ ਅਤੇ ਰਸ ਵਿਚ ਪੂਰਨ ਹੈ।ਗੁਰੂ ਜੀ ਦੇ ਸਾਹਿਤ ਪੱਖ ਦੇ ਕਾਵਿ ਰੂਪ ਵਿਚ ਸੰਗੀਤ ਅਤੇ ਸਾਹਿਤ ਅਧਿਆਤਮਿਕਤਾ ਦਾ ਸੁਮੇਲ ਵਿਚ ਮਨੁੱਖੀ ਮਨ ਵਿਚਲੇ ਭਾਵ ਅਤੇ ਰਸ ਸਾਫ ਦਿਖਾਈ ਦਿੰਦੇ ਹਨ ।

## ਪੁਸਤਕ ਸੂਚੀ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮਹਲਾ 1, ਘਰ 2, ਅੰਗ- 23
2. ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮਹਲਾ 1, ਅੰਗ- 15
3. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਿਰੀ ਰਾਗ ਮ: 1, ਅੰਗ- 15
4. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਲਾਰ ਰਾਗ ਮ: 1, ਅੰਗ- 1273
5. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਜਰੀ ਕੀ ਵਾਰ, ਮ: 3 , ਅੰਗ 512
6. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਆਸਾ ਮ: 1 , ਅੰਗ 463
7. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਾਝ ਮ: 1 , ਅੰਗ 149
8. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਆਸਾ ਮ: 1, ਅੰਗ 464
9. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਵਾਰਾਂ ਤੇ ਵਧੀਕ ਮ: 1, ਅੰਗ 1410
10. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗ ਤਿਲੰਗ ਮ: 1, ਅੰਗ 722
11. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗ ਆਸਾ ਮ: 1, ਅੰਗ 360
12. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗ ਸੋਰਠਿ ਮ: 1, ਅੰਗ 597